ISSN : 2395-1273

# ਸੰਵਾਦ

www.sanvad.org

ਜਨਵਰੀ-ਜੂਨ 2025
21 ਵਾਂ ਅੰਕ



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

ISSN : 2395-1273

# ਸੰਵਾਦ

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

ਛਿਮਾਹੀ ਖੋਜ ਰਸਾਲਾ

ਜਨਵਰੀ-ਜੂਨ 2025

ਅੰਕ-21ਵਾਂ

**ਸਰਪ੍ਰਸਤ**

ਡਾ. ਅਰਵਿੰਦਰ ਕੌਰ ਕਾਹਲੋਂ

ਪ੍ਰਿੰਸੀਪਲ (ਕਾਰਜਕਾਰੀ)

ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

## (Dialogic)

## PUNJABI REFEREED RESEARCH JOURNAL

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron :**
***Dr. A. K. Kahlon***
**+91 98724-56833**

**Chief Editor:**
***Dr. Atam Singh Randhawa***
**+91 98722-17273**

**ISSN : 2395-1273**

**January-June 2025**



**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**
ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | | |
|---|---|---|
| **ਜੀਵਨ ਮੈਂਬਰ** | : | ₹ 3000 |
| **ਪੰਜ ਸਾਲਾ** | : | ₹ 1800 |
| **ਇਹ ਅੰਕ** | : | ₹ 200 |

Online Payment: **A/c : 3397000100467796 IFSC : PUNB0339700**
Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ

❒ **ਸੰਪਾਦਕੀ** 5

❒ **ਕੁਆਂਟਮ ਕਾਵਿ-ਸ਼ਾਸਤਰ** 9
ਅਮਰਜੀਤ ਸਿੰਘ ਗਰੇਵਾਲ

❒ **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
ਡਾ. ਮਹਿਲ ਸਿੰਘ

❒ **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
ਡਾ. ਰਣਜੀਤ ਸਿੰਘ ਘੁੰਮਣ

❒ **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
ਡਾ. ਸੁਖਦੇਵ ਸਿੰਘ ਸੋਹਲ

❒ **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
ਡਾ. ਜਸਵਿੰਦਰ ਸਿੰਘ

❒ **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
ਡਾ. ਸਰਬਜੀਤ ਸਿੰਘ

❒ **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
ਡਾ. ਅਮਨਪ੍ਰੀਤ ਸਿੰਘ ਗਿੱਲ

❒ **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
ਡਾ. ਪਰਮਜੀਤ ਕੌਰ ਸਿੱਧੂ

❒ **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
ਡਾ. ਪਰਮਿੰਦਰ ਸਿੰਘ

❒ **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
ਡਾ. ਰਜਨੀ ਬਾਲਾ

❒ **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❒ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❒ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❒ **ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❒ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❒ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❒ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❒ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❒ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ**
**ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❒ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ

**ਪੁਸਤਕ ਰੀਵਿਊ :**

- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
  ਡਾ. ਪਰਮਜੀਤ ਢੀਂਗਰਾ

◈


ISSN : 2395-1273

# ਲੈਵਿਸ ਹੈਨਰੀ ਮਾਰਗਨ ਦਾ ਚਿੰਤਨ

## 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ




**ਦਲਜੀਤ ਕੌਰ**

ਖੋਜਾਰਥੀ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
✆ 9781747656


ਲੈਵਿਸ ਹੈਨਰੀ ਮਾਰਗਨ ਅਮਰੀਕਾ ਦੀ ਨਵਜਾਤ ਮਾਨਵ ਵਿਗਿਆਨਕ ਪਰੰਪਰਾ ਦੇ ਸੰਸਥਾਪਕਾਂ ਵਿਚ ਪ੍ਰਮੁੱਖ ਸਥਾਨ ਰੱਖਦਾ ਹੈ। ਮੁੱਢਲੇ ਮਨੁੱਖੀ ਸਮਾਜ, ਇਸ ਦੀਆਂ ਸੰਸਥਾਵਾਂ, ਸਾਕਾਚਾਰੀ ਤੇ ਸਭਿਆਚਾਰ ਨੂੰ ਸਮਝਣ ਲਈ ਮਾਰਗਨ ਦਾ ਕੰਮ ਮਹੱਤਵਪੂਰਨ ਸਥਾਨ ਰੱਖਦਾ ਹੈ। ਭਾਵੇਂ ਇਸ ਖੇਤਰ ਵਿਚ ਬਾਖ਼ੋਫ਼ੇਨ ਤੇ ਮੈਕਲੇਨਨ ਦਾ ਕਾਰਜ ਮਾਰਗਨ ਤੋਂ ਪਹਿਲਾਂ ਆਉਂਦਾ ਹੈ ਪਰ ਫ਼ਰੈਡਰਿਕ ਏਂਗਲਜ਼ ਇਨ੍ਹਾਂ ਦੋਵੇਂ ਚਿੰਤਕਾਂ ਦੀਆਂ ਸੀਮਾਵਾਂ ਦੇ ਮੱਦੇਨਜ਼ਰ ਮਾਰਗਨ ਦੇ ਕੰਮ ਨੂੰ ਵਧੇਰੇ ਤਵੱਜੋਂ ਦਿੰਦਾ ਹੈ। ਮਾਰਗਨ ਕੋਲ ਆਪਣੀ ਸਿਧਾਂਤਕਾਰੀ ਲਈ ਸ੍ਰੋਤ ਸਮੱਗਰੀ ਦੀ ਘਾਟ ਹੋਣ ਵੱਲ ਵੀ ਭਾਵੇਂ ਏਂਗਲਜ਼ ਨੇ ਧਿਆਨ ਦਿਵਾਇਆ ਹੈ ਪਰ ਫਿਰ ਵੀ ਉਹ ਮਾਰਗਨ ਨੂੰ ਇਤਿਹਾਸ ਦੇ ਪਦਾਰਥਵਾਦੀ ਸੰਕਲਪ ਦੇ ਮੋਹਰੀ ਖੋਜੀਆਂ ਵਿਚ ਰੱਖਦਾ ਹੋਇਆ ਉਸਦੀ ਕਿਤਾਬ 'ਪੁਰਾਤਨ ਸਮਾਜ' ਨੂੰ ਆਪਣੇ ਸਮੇਂ ਦੀ ਯੁੱਗ-ਪਲਟਾਊ ਪੁਸਤਕ ਮੰਨਦਾ ਹੈ। 'ਪੁਰਾਤਨ ਸਮਾਜ' ਕਿਤਾਬ ਵਿਚ ਮਾਰਗਨ ਮਨੁੱਖੀ ਨਸਲ ਦੇ ਵਿਕਾਸ ਦੇ ਵਿਭਿੰਨ ਪੜਾਵਾਂ, ਗਣ ਸਮਾਜ ਤੋਂ ਰਾਜਨੀਤਕ ਸਮਾਜ ਵਿਚ ਤਬਦੀਲੀ, ਇਸ ਤਬਦੀਲੀ ਦਾ ਆਧਾਰ ਬਣਨ ਵਾਲੀ ਜਾਇਦਾਦ ਅਤੇ ਪਰਿਵਾਰ ਦੇ ਵੱਖੋ-ਵੱਖਰੇ ਰੂਪਾਂ ਵਰਗੇ ਵਿਸ਼ਿਆਂ ਉੱਤੇ ਚਰਚਾ ਕਰਦਾ ਹੈ।

ਮਾਨਵ ਵਿਗਿਆਨ ਦੇ ਖੇਤਰ ਵਿਚ ਜੇਕਰ ਮੁੱਢਲੇ ਮਨੁੱਖੀ ਇਤਿਹਾਸ ਸਬੰਧੀ ਗੱਲ ਕਰੀਏ ਤਾਂ ਡੈਨਿਸ਼ ਪੁਰਾਤੱਤਵ ਵਿਗਿਆਨੀ ਕਰਿਸ਼ਚੀਅਨ ਜਰਗੇਨਸੇਨ ਥਾਮਸਨ (Christian Jurgensen Thomsen) ਨੇ ਪੂਰਵ-ਇਤਿਹਾਸ ਨੂੰ ਪਹਿਲੀ ਵਾਰ 'ਪੱਥਰ ਯੁੱਗ', 'ਕਾਂਸੀ ਯੁੱਗ' ਅਤੇ 'ਲੋਹਾ ਯੁੱਗ' ਤਿੰਨ ਦੌਰਾਂ ਵਿਚ ਵੰਡਿਆ। ਉਸ ਤੋਂ ਪਹਿਲਾਂ ਪੱਥਰ, ਕਾਂਸੀ ਤੇ ਲੋਹੇ ਦੇ ਸੰਦਾਂ ਦੀ ਗੱਲ ਤਾਂ ਹੁੰਦੀ ਸੀ ਪਰ ਇਨ੍ਹਾਂ ਦੀ ਕਾਲਕ੍ਰਮਕਤਾ ਮਿੱਥਦਿਆਂ ਇਨ੍ਹਾਂ ਦੇ ਆਧਾਰ ਉੱਤੇ 'ਪੱਥਰ ਯੁੱਗ', 'ਕਾਂਸੀ ਯੁੱਗ' ਅਤੇ 'ਲੋਹਾ ਯੁੱਗ' ਰੂਪੀ ਪੂਰਵ-ਇਤਿਹਾਸ ਦੇ ਤਿੰਨ ਪੜਾਵਾਂ ਦੀ ਗੱਲ ਸੀ. ਜੇ. ਥਾਮਸਨ ਨੇ ਹੀ ਕੀਤੀ। ਮਾਰਗਨ 'ਪੁਰਾਤਨ ਸਮਾਜ' ਕਿਤਾਬ ਵਿਚ ਇਸੇ ਤਰਜ਼ ਉੱਤੇ ਭਾਵ ਤਕਨੀਕੀ ਲੱਭਤਾਂ ਦੇ ਆਧਾਰ 'ਤੇ ਮਨੁੱਖੀ ਇਤਿਹਾਸ ਨੂੰ ਪੜਾਅ ਵਾਰ ਵੰਡਦਾ ਹੈ ਪਰ ਉਹ ਡੈਨਿਸ਼ ਪੁਰਾਤਤਵ ਵਿਗਿਆਨੀ ਦੁਆਰਾ ਕੀਤੇ ਇਤਿਹਾਸ ਦੇ ਪੜਾਵਾਂ ਦੇ ਨਾਮਕਰਣ 'ਪੱਥਰ ਯੁੱਗ', 'ਕਾਂਸੀ ਯੁੱਗ' ਤੇ 'ਲੋਹਾ ਯੁੱਗ' ਦੀ ਥਾਂ ਇਸ ਦਾ ਨਾਮਕਰਣ 'ਆਦਿਮ', 'ਬਰਬਰ' ਤੇ 'ਸਭਿਅਕ' ਦੌਰਾਂ ਦੇ ਰੂਪ ਵਿਚ ਕਰਦਾ ਹੈ। ਮਾਰਗਨ ਦੁਆਰਾ ਕੀਤੇ ਇਸੇ ਨਾਮਕਰਣ ਨੂੰ ਬਾਅਦ ਵਿਚ ਫਰੈਡਰਿਕ ਏਂਗਲਜ਼ ਤੇ ਜੌਹਨ ਫਿਸਕੇ ਨੇ ਵੀ ਵਰਤਿਆ। ਇਸ ਤਰ੍ਹਾਂ ਤਕਨੀਕੀ ਕਾਢਾਂ ਉੱਤੇ ਆਧਾਰਿਤ ਨਾਮਾਵਲੀ ਦੀ ਥਾਂ 'ਨਸਲੀ ਸੰਕੇਤਾਂ' ਉੱਤੇ ਆਧਾਰਿਤ ਮਾਰਗਨ ਵੱਲੋਂ ਕੀਤੇ ਅਜਿਹੇ ਨਾਮਕਰਣ ਪਿੱਛੇ ਅਚੇਤ ਰੂਪ ਵਿਚ ਅਜਿਹੇ ਅਧਿਐਤਾ ਦਾ ਦ੍ਰਿਸ਼ਟੀਕੋਣ ਕੰਮ ਕਰ ਰਿਹਾ ਹੈ ਜੋ 'ਮੁਢਲੇ' ਮਨੁੱਖੀ ਇਤਿਹਾਸ ਤੇ ਮਨੁੱਖਤਾ ਨੂੰ ਆਧੁਨਿਕ ਸਭਿਅਕ ਮਨੁੱਖ ਦੇ ਪ੍ਰਤਿਮਾਨਾਂ ਦੇ ਨਜ਼ਰੀਏ ਤੋਂ ਦੇਖ ਰਿਹਾ ਹੈ। ਇਹ ਦ੍ਰਿਸ਼ਟੀਕੋਣ 'ਮੁਢਲੀਆਂ' ਮਨੁੱਖੀ ਨਸਲਾਂ ਨੂੰ ਤਥਾਕਥਿਤ 'ਸਭਿਅਤਾ' ਅਤੇ 'ਸਭਿਅਕ' ਮਨੁੱਖ ਨਾਲੋਂ ਅਣਚਾਹੇ ਹੀ ਹੀਣਾ ਦਰਸਾਉਂਦਾ ਪ੍ਰਤੀਤ ਹੁੰਦਾ ਹੈ। ਆਲੋਚਕ ਮੰਨਦੇ ਹਨ ਕਿ ਮਾਰਗਨ ਦੀ ਵਿਕਾਸਵਾਦੀ ਸਕੀਮ, ਜੋ ਮਨੁੱਖੀ ਨਸਲ ਦੇ ਵਿਕਾਸ ਨੂੰ 'ਆਦਿਮ', 'ਬਰਬਰ' ਤੇ 'ਸਭਿਅਕ' ਵਿਚ ਵੰਡ ਕੇ ਦੇਖਦੀ ਹੈ, ਇਹ ਪੂੰਜੀਵਾਦੀ ਸਾਮਰਾਜਵਾਦੀ ਮੁਲਕਾਂ ਦੁਆਰਾ ਬਸਤੀਕ੍ਰਿਤ ਲੋਕਾਂ ਨਾਲ ਕੀਤੇ ਜਾਂਦੇ ਧੱਕੇ ਅਤੇ ਸ਼ੋਸ਼ਣ ਨੂੰ ਵੀ ਸਹਾਰਾ ਤੇ ਤਾਰਕਿਕਤਾ ਦਿੰਦੀ ਹੈ ਕਿਉਂਕਿ 'ਆਦਿਮ' ਤੇ 'ਬਰਬਰ' ਵਰਗੇ ਵਿਸ਼ੇਸ਼ਣ ਇਹ ਭਾਵ ਦਿੰਦੇ ਹਨ ਕਿ ਇਹ ਲੋਕ ਆਪਣੀ ਹੀਣ ਅਵਸਥਾ ਨੂੰ ਕਿਸੇ ਸਹਾਇਤਾ ਤੋਂ ਬਿਨਾਂ ਬਦਲ ਨਹੀਂ ਸਕਦੇ ਤੇ ਇਸ ਤਰ੍ਹਾਂ ਕਿਸੇ ਕਿਸਮ ਦੇ 'ਧੱਕੇ'/ 'ਹਮਲੇ' ਲਈ ਆਬਜੈਕਟ ਬਣ ਜਾਂਦੇ ਹਨ।

ਮਨੁੱਖੀ ਨਸਲ ਦੇ ਇਤਿਹਾਸ ਬਾਰੇ ਗੱਲ ਕਰਦਿਆਂ ਮਾਰਗਨ ਸਮੁੱਚੀ ਮਨੁੱਖੀ ਨਸਲ ਦੇ ਇਤਿਹਾਸ ਨੂੰ ਅਨੁਭਵ ਪੱਖੋਂ ਇਕ-ਸਮਾਨ ਦਰਸਾਉਂਦਾ ਹੈ। ਉਸ ਅਨੁਸਾਰ ਵੱਖ-ਵੱਖ ਥਾਵਾਂ 'ਤੇ ਵੱਸਦੀਆਂ ਕੌਮਾਂ ਦੇ ਸਮਾਜਕ ਸੰਗਠਨ ਤੇ ਜੀਵਨ ਸ਼ੈਲੀਆਂ ਵਿਕਾਸ ਦੇ ਸਮਾਨ ਪੜਾਵਾਂ ਉੱਪਰ ਲਗਭਗ ਸਮਾਨ ਹਨ। ਪਰ ਇਹ ਨੁਕਤਾ ਧਿਆਨ ਦੇਣ ਯੋਗ ਹੈ ਕਿ 'ਮਾਰਗਨ ਜਦੋਂ ਮੱਧ ਅਵਸਥਾ ਦੇ ਬਰਬਰ ਦੌਰ ਦੀ ਗੱਲ ਕਰਦਾ ਹੈ ਤਾਂ ਨਾਲ ਹੀ ਇਸੇ ਅਵਸਥਾ

ਨਾਲ ਸਬੰਧਿਤ ਪ੍ਰਾਚੀਨ ਬ੍ਰਿਟਨਸ ਬਾਰੇ ਲਿਖਦਾ ਹੈ ਕਿ ਉਹ ਲੋਹੇ ਦੀ ਵਰਤੋਂ ਤੋਂ ਵੀ ਵਾਕਫ਼ ਸਨ। ਇਸ ਤਰ੍ਹਾਂ ਲੋਹਾ ਬਰਬਰ ਦੌਰ ਦੇ ਉੱਪਰਲੇ ਪੜਾਅ ਨਾਲ ਸਬੰਧਿਤ ਹੋਣ ਕਾਰਨ ਉਹਨਾਂ ਨੂੰ ਬਰਬਰ ਦੌਰ ਦੀ ਉੱਪਰਲੀ ਅਵਸਥਾ ਨਾਲ ਵੀ ਜੋੜ ਦਿੰਦਾ ਹੈ।'[1] ਜੇਕਰ ਦੇਖਿਆ ਜਾਵੇ ਤਾਂ ਵਧੇਰੇ ਅਗਲੇਰੀ ਅਵਸਥਾ ਵਾਲੇ ਕਬੀਲਿਆਂ ਦੀ ਨੇੜਤਾ ਕਾਰਨ ਉਹਨਾਂ ਕਬੀਲਿਆਂ ਦੇ ਕਾਰ-ਵਿਹਾਰ 'ਚ ਵੀ ਪ੍ਰਗਤੀ ਆਈ ਜੋ ਆਪਣੀਆਂ ਸੰਸਥਾਵਾਂ ਦੇ ਵਿਕਾਸ ਦੀ ਅਵਸਥਾ ਤੋਂ ਬਹੁਤ ਪਿੱਛੇ ਸਨ। 'ਇਸ ਤਰ੍ਹਾਂ ਇਹ ਨੁਕਤਾ ਕਿਸੇ ਸਭਿਆਚਾਰ ਦੇ ਵਿਕਾਸਵਾਦੀ ਵਰਗੀਕਰਨ ਦੀ ਕਮਜ਼ੋਰੀ ਨੂੰ ਦਰਸਾਉਂਦਾ ਹੈ ਕਿਉਂਕਿ ਸਾਰੀਆਂ ਕੜੀਆਂ/ਤਰਤੀਬਾਂ ਗੁਆਂਢੀ ਕਬੀਲਿਆਂ ਤੋਂ ਸਭਿਆਚਾਰਕ ਹੁਨਰ/ਗੁਣ ਉਧਾਰੇ ਲੈਣ ਕਾਰਨ ਉਲਟ-ਪੁਲਟ ਜਾਂਦੀਆਂ ਹਨ।'[2] ਬੈਰਨਹਾਰਡ ਸਟੈਰਨ ਅਨੁਸਾਰ ਇਕ ਪਾਸੇ ਮਾਰਗਨ ਇਸ ਨੁਕਤੇ ਵੱਲ ਇਸ਼ਾਰਾ ਕਰਦਾ ਹੈ ਕਿ ਇਨ੍ਹਾਂ ਵਿਭਿੰਨ ਨਸਲੀ ਦੌਰਾਂ ਦੀ ਸ਼ੁਰੂਆਤ ਨੂੰ ਚਿਹਨਤ ਕਰਦੀ ਪ੍ਰਗਤੀ ਦੇ ਨਮੂਨੇ ਲੱਭਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ ਪਰ ਜਦੋਂ ਉਹ ਇਕ ਵਾਰ ਇਹ ਵੰਡ ਕਰ ਲੈਂਦਾ ਹੈ ਤਾਂ ਇਨ੍ਹਾਂ ਨਸਲੀ ਦੌਰਾਂ ਨੂੰ ਲਾਗੂ ਕਰਨ ਵਿਚ ਉਹ ਜ਼ਿੱਦ ਤੇ ਸਖ਼ਤਾਈ ਧਾਰ ਲੈਂਦਾ ਹੈ।

ਸਟੈਰਨ ਲਿਖਦਾ ਹੈ ਕਿ ਮਾਰਗਨ ਦੁਆਰਾ ਦਿੱਤੀ ਸਭਿਆਚਾਰਾਂ ਦੀ ਸੂਚੀ ਅਸਾਧਾਰਨ ਰੂਪ ਵਿਚ ਸਾਧਾਰਨ ਹੈ ਤੇ ਸਭਿਆਚਾਰ ਭਾਵੇਂ ਉਹ ਕਿੰਨੇ ਵੀ ਪੁਰਾਤਨ ਹੋਣ, ਬਹੁਤ ਗੁੰਝਲਦਾਰ ਹੁੰਦੇ ਹਨ। ਸਭਿਆਚਾਰ ਤੇ ਸਮਾਜਕ ਸੰਸਥਾਵਾਂ ਦੇ ਹੋਰ ਰੂਪ ਕਿਸੇ ਨਿਸ਼ਚਿਤ ਵਿਕਾਸਸ਼ੀਲ ਯੋਜਨਾ ਵਿਚ ਬੱਝਣ ਲਈ ਬਹੁਤ ਅਸਥਿਰ ਤੇ ਪਰਿਵਰਤਨਸ਼ੀਲ ਹੁੰਦੇ ਹਨ। ਬੈਰਨਹਾਰਡ ਅਨੁਸਾਰ,

> "ਲੋਕਾਂ ਦੇ ਸਭਿਆਚਾਰਕ ਅਤੇ ਸਮਾਜਕ ਇਤਿਹਾਸ ਨੂੰ ਸਿਰਫ਼ ਇਸਦੇ ਇਤਿਹਾਸਕ ਸਬੰਧਾਂ ਤੇ ਸਭਿਆਚਾਰਕ ਸੰਪਰਕਾਂ ਦੀ ਰੌਸ਼ਨੀ ਵਿਚ ਹੀ ਵਿਆਖਿਆ ਦਿੱਤੀ ਜਾ ਸਕਦੀ ਹੈ ਨਾ ਕਿ ਵਿਕਾਸ ਦੀ ਕਿਸੇ ਵੀ ਸਰਬਵਿਆਪੀ ਜਾਂ ਇਕਰੂਪ ਯੋਜਨਾ ਦੁਆਰਾ।"[3]

ਇਸ ਤਰ੍ਹਾਂ ਮਾਰਗਨ ਤੇ ਉਸਦੇ ਦੌਰ ਦੇ ਹੋਰ ਵਿਦਵਾਨਾਂ ਵੱਲੋਂ ਪੇਸ਼ ਕੀਤੇ ਗਏ ਵਿਕਾਸਵਾਦੀ ਸਿਧਾਂਤ, ਜੋ ਇਸ ਗੱਲ ਨੂੰ ਮਾਨਤਾ ਦਿੰਦਾ ਹੈ ਕਿ 'ਮਨੁੱਖੀ ਲੋੜਾਂ ਦੀ ਸਮਾਨਤਾ' ਅਤੇ 'ਮਨੁੱਖੀ ਮਨ ਦੀ ਕਿਰਿਆ ਪ੍ਰਣਾਲੀ ਦੀ ਏਕਤਾ ਕਾਰਨ' ਮਨੁੱਖੀ ਸੰਸਥਾਵਾਂ ਸਾਰੇ ਸੰਸਾਰ ਵਿਚ ਇਕ ਤੋਂ ਬਾਅਦ ਦੂਜੀ ਦੇ ਰੂਪ ਵਿਚ ਇਕਸਮਾਨ ਤਰਤੀਬ ਬਣਾਉਂਦੀਆਂ ਹਨ, ਨੂੰ ਮੁੜ ਵਿਚਾਰਨ ਦੀ ਲੋੜ ਹੈ। ਸੰਸਾਰ ਦੇ ਲੋਕ ਸਭਿਆਚਾਰ ਦੇ ਸਾਰੇ ਪੱਖਾਂ ਦੇ ਮਾਮਲੇ ਵਿਚ ਇਕਰੂਪ ਨਹੀਂ ਹਨ। 'ਮਾਰਗਨ ਵਰਗੇ ਮਾਨਵ ਵਿਗਿਆਨੀਆਂ ਦੁਆਰਾ ਵਿਕਾਸਵਾਦੀ ਨੁਕਤੇ ਤੋਂ ਕੀਤਾ ਵਰਗੀਕਰਨ ਸਭਿਆਚਾਰ ਦੇ ਕੁੱਝ ਨਿਸ਼ਚਿਤ, ਇਕਰੂਪ ਪੱਖਾਂ ਉਤੇ ਜ਼ੋਰ ਦਿੰਦਿਆਂ ਬਾਕੀ ਪੱਖਾਂ ਨੂੰ ਨਜ਼ਰਅੰਦਾਜ਼ ਕਰਦਾ ਹੈ ਤੇ ਵਿਕਾਸ ਦੀ ਇਕ ਇਕਰੂਪ ਲੜੀ ਨੂੰ ਸਥਾਪਿਤ ਕਰਦਾ ਹੈ ਜੋ ਦੂਜੇ ਸਭਿਆਚਾਰਾਂ ਤੋਂ ਉਧਾਰ ਲੈਣ ਦੀਆਂ ਉਲਝਣਾਂ ਨੂੰ ਪਛਾਨਣ ਵਿਚ ਅਸਫ਼ਲ ਰਹਿੰਦੀ ਹੈ।'[4]

ਮਾਰਗਨ ਪੂਰਬੀ ਤੇ ਪੱਛਮੀ ਗੋਲਾਰਧ (Hemisphere) ਵਿਚ ਸਭਿਆਚਾਰਕ ਵਿਕਾਸ ਵਿਚ ਵਿਭਿੰਨਤਾ ਦਾ ਕਾਰਨ ਮਹਾਂਦੀਪਾਂ ਦੀਆਂ ਵਿਭਿੰਨ ਸਮਰੱਥਾਵਾਂ ਵਿਚ ਦੱਸਦਾ ਹੈ। ਮਾਰਗਨ ਮਹਾਂਦੀਪਾਂ 'ਚ ਵੱਖਰਤਾ ਦਰਸਾਉਣ ਲਈ ਜਾਨਵਰਾਂ ਦੇ ਆਦਿਮ ਦੌਰ ਦੇ ਪਾਲਤੂਕਰਨ ਦੇ ਸੰਦਰਭ ਵਿਚ ਵਾਰ-ਵਾਰ ਇਹ ਨੁਕਤਾ ਰੱਖਦਾ ਹੈ ਕਿ ਪੱਛਮੀ ਗੋਲਾਰਧ ਵਿਚ 'ਲਾਮਾ' ਨੂੰ ਛੱਡ ਕੇ ਕੋਈ ਅਜਿਹਾ ਜਾਨਵਰ ਨਹੀਂ ਸੀ ਜਿਸ ਨੂੰ ਪਾਲਤੂ ਬਣਾਇਆ ਜਾ ਸਕੇ। ਬੈਰਨਹਾਰਡ ਸਟੈਰਨ ਆਰ. ਐਚ. ਲੂਈ ਦੀ 'ਕਲਚਰ ਐਂਡ ਐਥਨੋਲੋਜੀ' (Culture and Ethnology) ਅਤੇ ਲਾਰੈਂਸ ਐਮ. ਵਿਨਟਰਸ ਦੀ 'ਐਨੀਮਲ ਬਰੀਡਿੰਗ' (Animal Breeding) ਦੇ ਹਵਾਲੇ ਨਾਲ ਲਿਖਦਾ ਹੈ ਕਿ 'ਇਹ ਤੱਥ ਸਹੀ ਨਹੀਂ ਹੈ ਕਿਉਂਕਿ ਗਰੇਟ ਪਲੈਨਸ ਦੇ ਬਾਇਸਨ ਨੂੰ ਦੱਖਣੀ ਏਸ਼ੀਆ ਦੀ ਮੱਝ ਵਾਂਗ ਤੇ ਪੂਰਬੀ ਗੋਲਾਰਧ ਵਿਚ ਮਿਲਦੀਆਂ ਪਸ਼ੂਆਂ ਦੀਆਂ ਵਿਭਿੰਨ ਕਿਸਮਾਂ ਵਾਂਗ ਪਾਲਤੂ ਬਣਾਇਆ ਜਾ ਸਕਦਾ ਸੀ।'[5] ਸਟੈਰਨ ਇਨ੍ਹਾਂ ਖੋਜੀਆਂ ਦੇ ਹਵਾਲੇ ਨਾਲ ਹੀ ਅੱਗੇ ਇਹ ਨੁਕਤਾ ਰੱਖਦਾ ਹੈ ਕਿ "ਪਾਲਤੂਕਰਨ ਵਿਚ ਵਿਭਿੰਨਤਾਵਾਂ ਨੂੰ ਸਭਿਆਚਾਰਕ ਪੱਧਰ ਉੱਤੇ ਵਿਆਖਿਆਇਆ ਜਾਣਾ ਚਾਹੀਦਾ ਹੈ ਨਾ ਕਿ ਭੂਗੋਲਿਕ ਪੱਧਰ ਉੱਤੇ।"[6]

'ਪੁਰਾਤਨ ਸਮਾਜ' ਕਿਤਾਬ ਦੇ ਅਧਿਆਇ 'ਸਮਾਜ ਦਾ ਸੰਗਠਨਾਤਮਕ ਵਿਕਾਸ' ਵਿਚ ਮਾਰਗਨ ਗਣ, ਫਰੈਟਰੀ, ਕਬੀਲੇ, ਮਹਾਂ ਸੰਘ ਬਾਰੇ ਚਰਚਾ ਕਰਦਿਆਂ ਪੁਰਾਤਨ ਗਣ ਵਿਵਸਥਾ ਦੇ ਰਾਜ ਵਿਵਸਥਾ ਵਿਚ ਬਦਲਣ ਨੂੰ ਯੂਨਾਨੀ ਤੇ ਰੋਮਨ ਰਾਜਨੀਤਕ ਸਮਾਜਾਂ ਦੇ ਹਵਾਲੇ ਨਾਲ ਦਰਸਾਉਂਦਾ ਹੈ। ਹੈਨਰੀ ਮੇਨ (Henry Miane) ਨੇ ਸਾਕਾਚਾਰੀ ਸਬੰਧਾਂ ਉੱਤੇ ਆਧਾਰਿਤ ਤੇ ਸਥਾਨਕ ਨੇੜਤਾ ਉੱਤੇ ਆਧਾਰਿਤ ਸਰਕਾਰਾਂ ਵਿਚ ਨਿਖੇੜਾ ਕੀਤਾ ਹੈ। ਇਸੇ ਤਰ੍ਹਾਂ ਮਾਰਗਨ ਵੀ ਇਸਨੂੰ ਅਗਾਂਹ ਤੋਰਦਿਆਂ ਗਣ ਸਮਾਜ (ਜੋ ਸਾਕਾਚਾਰੀ ਉੱਤੇ ਆਧਾਰਿਤ ਹੈ) ਅਤੇ


**www.sanvad.org**
ISSN : 2395-1273

ਰਾਜਨੀਤਕ ਸਮਾਜ ਜਾਂ ਸਟੇਟ (ਜੋ ਕਿ ਖੇਤਰ ਤੇ ਸੰਪੱਤੀ ਆਧਾਰਿਤ ਹੈ) ਵਿਚ ਨਿਖੇੜਾ ਕਰਦਾ ਹੈ। ਮਾਰਗਨ ਅਨੁਸਾਰ ਵਿਅਕਤੀ ਦਾ ਗਣ ਨਾਲ ਸਬੰਧ ਜੋ ਸਾਕਾਚਾਰੀ ਉੱਤੇ ਆਧਾਰਿਤ ਸੀ, ਇਹ ਨਗਰ ਬਸਤੀ/ਟਾਊਨਸ਼ਿਪ ਵਿਚ ਬਦਲ ਗਿਆ ਅਤੇ ਖੇਤਰੀ ਤੇ ਰਾਜਨੀਤਕ ਬਣ ਗਿਆ। ਉਹ ਰੋਮਨ ਇਤਿਹਾਸ ਵਿਚ ਗਣ ਆਧਾਰਿਤ 'ਸੁਸਾਇਟਸ' (societas) ਤੋਂ ਖੇਤਰ ਅਤੇ ਜਾਇਦਾਦ ਆਧਾਰਿਤ 'ਸਿਵੀਟਸ' (civitas) ਜਾਂ ਰਾਜ ਵਿਚ ਇਕਸਮਾਨ ਤਬਦੀਲੀ ਵੱਲ ਇਸ਼ਾਰਾ ਕਰਦਾ ਹੈ। 'ਯੂਨਾਨ ਤੇ ਰੋਮ ਦੀ ਸਮਾਜਕ ਵਿਵਸਥਾ ਸਬੰਧੀ ਮਾਰਗਨ ਗਰੋਟ (Grote), ਨੀਬਰ (Niebuhr), ਮੇਨ (Maine), ਮੋਮਸੇਨ (Mommsen) ਅਤੇ ਐਮ. ਡੀ. ਕੂਲਾਂਗਸ (M. de Coulanges) ਵਰਗੇ ਚਿੰਤਕਾਂ ਨੂੰ ਆਪਣਾ ਆਧਾਰ ਸ੍ਰੋਤ ਬਣਾਉਂਦਾ ਹੈ, ਇਨ੍ਹਾਂ ਵਿਚੋਂ ਕੁੱਝ ਚਿੰਤਕਾਂ ਖਾਸ ਕਰ ਨੀਬਰ ਦੀ ਕਦਰ ਮਾਰਗਨ ਦੇ ਦੌਰ ਦੇ ਕਲਾਸੀਕਲ ਲੇਖਕਾਂ ਦੁਆਰਾ ਪਹਿਲਾਂ ਹੀ ਸਵਾਲਾਂ ਹੇਠ ਲਿਆਂਦੀ ਜਾ ਚੁੱਕੀ ਹੈ।'[7] ਉਹ ਅਮਰੀਕਨ ਮੂਲ ਨਿਵਾਸੀਆਂ ਦੇ ਗਣਾਂ, ਫਰੈਟਰੀਆਂ ਤੇ ਕਬੀਲਿਆਂ ਅਤੇ ਯੂਨਾਨੀ ਗਣਾਂ, ਫਰੈਟਰੀਆਂ ਤੇ ਕਬੀਲਿਆਂ ਵਿਚਲੀ ਅਨੁਰੂਪਤਾ ਨੂੰ ਦਰਸਾਉਂਦਾ ਹੈ। ਮਾਰਗਨ ਦੇ ਕੰਮ ਦੇ ਇਸ ਪੱਖ ਬਾਰੇ ਤਤਕਾਲੀ ਆਲੋਚਕ ਉਸ ਦਾ ਸਮਰਥਨ ਕਰਦੇ ਹਨ ਪਰ 'ਟਾਈਲਰ ਤੇ ਲਿਊਬੋਕ ਉਸ ਉੱਤੇ ਵਿਅੰਗ ਕਰਦੇ ਹਨ ਕਿ ਉਸਨੇ ਪ੍ਰਾਚੀਨ ਤੇ ਆਦਿਮ ਗਣਾਂ ਦੀ ਸਮਰੂਪਤਾ ਦਾ ਵਿਚਾਰ ਮੈਕਲੈਨਨ ਤੋਂ ਲਿਆ ਹੈ ਤੇ ਇਸ ਦਾ ਕਰੈਡਿਟ ਉਸ ਨੂੰ ਨਹੀਂ ਦਿੱਤਾ।'[8]

'ਪਰਿਵਾਰ ਦੇ ਸੰਕਲਪ ਤੇ ਸੰਗਠਨ ਦਾ ਵਿਕਾਸ' ਭਾਗ ਵਿਚ ਮਾਰਗਨ ਪਰਿਵਾਰ ਦੇ ਵੱਖ-ਵੱਖ ਰੂਪਾਂ ਉੱਤੇ ਚਰਚਾ ਕਰਦਾ ਹੈ। ਇਸ ਹਿੱਸੇ ਵਿਚ ਮਾਰਗਨ ਆਪਣੀ ਕਿਤਾਬ **'ਸਿਸਟਮ ਆਫ਼ ਕੌਨਸੈਂਗੂਇਨੀਟੀ'** ਵਿਚ ਦਰਜ਼ ਪਰਿਵਾਰਾਂ ਦੀ ਲੜੀ ਨੂੰ ਦੁਹਰਾਉਂਦਾ ਹੈ। ਮਾਰਗਨ ਦੁਆਰਾ ਕਲਪੇ ਪਰਿਵਾਰ ਦੇ ਵਿਕਾਸ ਦੇ ਪੜਾਵਾਂ ਸਬੰਧੀ ਵੀ ਤਿੱਖੀ ਆਲੋਚਨਾ ਹੋਈ ਹੈ। ਮਾਰਗਨ ਸਮਗੋਤਰੀ ਪਰਿਵਾਰ ਦੇ ਪੈਦਾ ਹੋਣ ਤੋਂ ਪਹਿਲਾਂ ਖੁੱਲ੍ਹੇ ਜਿਨਸੀ ਸਬੰਧਾਂ ਦੀ ਅਵਸਥਾ ਨੂੰ ਮਾਨਤਾ ਦਿੰਦਾ ਹੈ। ਆਸਟਰੇਲੀਅਨ ਮਾਨਵਵਿਗਿਆਨੀ ਲੌਰੀਮਰ ਫਿਸ਼ਨ ਵੀ ਇਹੀ ਮੰਨਦਾ ਹੈ। ਮਾਰਗਨ ਤੋਂ ਪਹਿਲਾਂ 'ਬਾਖ਼ੋਫ਼ੇਨ ਅਜਿਹਾ ਪਹਿਲਾ ਲੇਖਕ ਹੋਇਆ ਹੈ ਜਿਸ ਨੇ 1861 ਵਿਚ ਆਪਣੀ ਕਿਤਾਬ 'ਮਾਤਰੀ ਹੱਕ' ਵਿਚ ਪ੍ਰਾਚੀਨ ਕਲਾਸਕੀ ਸਾਹਿਤ ਦੇ ਹਵਾਲਿਆਂ ਨਾਲ ਮੁੱਢਲੇ ਮਨੁੱਖੀ ਸਮਾਜ ਵਿਚ ਖੁੱਲ੍ਹੇ ਲਿੰਗ ਭੋਗ ਦੀ ਅਵਸਥਾ ਦਾ ਜ਼ਿਕਰ ਕੀਤਾ ਭਾਵੇਂ ਉਹ ਆਪਣੇ ਅਧਿਆਤਮਵਾਦੀ ਦ੍ਰਿਸ਼ਟੀਕੋਣ ਕਾਰਨ ਇਨ੍ਹਾਂ ਨੂੰ ਸਪਸ਼ਟ ਢੰਗ ਨਾਲ ਪੇਸ਼ ਨਾ ਕਰ ਸਕਿਆ।'[9] ਪਰ ਖੁੱਲ੍ਹੇ ਜਿਨਸੀ ਸਬੰਧਾਂ ਦੀ ਅਵਸਥਾ ਦੇ ਸੱਚ ਹੋਣ ਜਾਂ ਨਾ ਹੋਣ ਸਬੰਧੀ ਵਾਦ-ਵਿਵਾਦ ਰਿਹਾ ਹੈ। 'ਡਾਰਵਿਨ ਇਸ ਅਵਸਥਾ ਨੂੰ ਇਹ ਕਹਿ ਕੇ ਨਕਾਰਦਾ ਹੈ ਕਿ ਬਣਮਾਨਸ ਖੁੱਲ੍ਹੇ ਜਿਨਸੀ ਸਬੰਧ ਰੱਖਣ ਵਾਲੇ ਨਹੀਂ ਸਨ ਤੇ ਆਦਿਵਾਸੀ ਮਨੁੱਖ ਵੀ ਛੋਟੇ ਸਮੂਹਾਂ ਵਿਚ ਇਕ ਪਤਨੀ ਨਾਲ ਰਹਿੰਦਾ ਸੀ ਤੇ ਜੇਕਰ ਉਹ ਜ਼ਿਆਦਾ ਸ਼ਕਤੀਸ਼ਾਲੀ ਹੁੰਦਾ ਸੀ ਤਾਂ ਕਈ ਪਤਨੀਆਂ ਨਾਲ ਰਹਿੰਦਾ ਸੀ ਤੇ ਉਹਨਾਂ ਨੂੰ ਦੂਜੇ ਵਿਅਕਤੀਆਂ ਤੋਂ ਸੁਰੱਖਿਅਤ ਵੀ ਰੱਖਦਾ ਸੀ।'[10] ਇਸੇ ਤਰ੍ਹਾਂ 'ਵੈਸਟਰਮਾਰਕ ਨੇ ਵੀ ਆਦਿਮ ਖੁੱਲ੍ਹੇ ਜਿਨਸੀ ਸਬੰਧਾਂ ਵਿਰੁੱਧ ਦਲੀਲ ਦਿੱਤੀ ਜਿਸ ਨੂੰ ਬਰਾਇਫੋਲਟ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਨਸਲ ਵਿਗਿਆਨਕ ਸਬੂਤ ਖੁੱਲ੍ਹੇ ਜਿਨਸੀ ਸਬੰਧਾਂ ਦਾ ਸਮਰਥਨ ਕਰਦੇ ਹਨ।'[11] ਏਂਗਲਜ਼ ਆਪਣੀ ਕਿਤਾਬ **ਟੱਬਰ, ਨਿੱਜੀ ਜਾਇਦਾਦ** ਅਤੇ **ਰਾਜ ਦੀ ਉਤਪਤੀ** ਵਿਚ ਲਿਖਦਾ ਹੈ ਕਿ ਪਿੱਛੇ ਜਿਹੇ ਤੋਂ ਇਸ ਮੁੱਢਲੀ ਖੁੱਲ੍ਹੀ ਲਿੰਗ ਭੋਗ ਅਵਸਥਾ ਦੀ ਹੋਂਦ ਤੋਂ ਇਨਕਾਰ ਕਰਨਾ ਫ਼ੈਸ਼ਨ ਬਣ ਗਿਆ ਹੈ। ਇਸਦਾ ਮੰਤਵ ਮਨੁੱਖਜਾਤੀ ਨੂੰ ਇਸ 'ਸ਼ਰਮ' ਤੋਂ ਬਚਾਉਣਾ ਹੈ। ਏਂਗਲਜ਼ ਅਨੁਸਾਰ ਭਾਵੇਂ ਬਾਖ਼ੋਫ਼ੇਨ ਨੇ ਇਤਿਹਾਸਕ ਤੇ ਧਾਰਮਿਕ ਰਵਾਇਤਾਂ ਵਿਚ ਇਸ ਖੁੱਲ੍ਹੀ ਲਿੰਗ ਭੋਗ ਅਵਸਥਾ ਦੇ ਅੰਸ਼ ਲੱਭਣ ਦਾ ਯਤਨ ਕੀਤਾ ਹੈ ਪਰ ਉਸਨੇ ਜਿਹੜੇ ਅੰਸ਼ ਲੱਭੇ ਹਨ ਉਹ ਖੁੱਲ੍ਹੇ ਲਿੰਗ ਸਬੰਧਾਂ ਦੇ ਸਮਾਜਕ ਪੜਾਅ ਤਕ ਨਹੀਂ ਲੈ ਕੇ ਜਾਂਦੇ ਸਗੋਂ ਉਸ ਤੋਂ ਬਹੁਤ ਬਾਅਦ ਵਿਚ ਆਏ ਰੂਪ ਟੋਲੀ ਵਿਆਹ ਤਕ ਲੈ ਜਾਂਦੇ ਹਨ। ਏਂਗਲਜ਼ ਲਿਖਦਾ ਹੈ,

> "ਪਰ ਕਿਉਂਕਿ ਅਸੀਂ ਟੋਲੀ ਵਿਆਹ ਦੇ ਜਿਨ੍ਹਾਂ ਰੂਪਾਂ ਤੋਂ ਜਾਣੂ ਹਾਂ ਉਹਨਾਂ ਨਾਲ ਇੰਨੀਆਂ ਗੁੰਝਲਦਾਰ ਸ਼ਰਤਾਂ ਲੱਗੀਆਂ ਹੋਈਆਂ ਹਨ ਕਿ ਉਹ ਲਾਜ਼ਮੀ ਤੌਰ 'ਤੇ ਲਿੰਗ ਸਬੰਧਾਂ ਦੇ ਇਸ ਤੋਂ ਵੀ ਪਹਿਲਾਂ ਦੇ ਅਤੇ ਵਧੇਰੇ ਸਾਦਾ ਰੂਪਾਂ ਵੱਲ ਅਤੇ ਇਉਂ, ਅੰਤਲੇ ਵਿਸ਼ਲੇਸ਼ਣ ਵਿਚ ਖੁੱਲ੍ਹੇ ਲਿੰਗ ਭੋਗ ਵੱਲ ਇਸ਼ਾਰਾ ਕਰਦੀਆਂ ਹਨ...।"[12]

ਇਸ ਤਰ੍ਹਾਂ ਏਂਗਲਜ਼ ਵੀ ਮਾਰਗਨ ਵਾਂਗ ਮੁੱਢਲੀ ਖੁੱਲ੍ਹੀ ਲਿੰਗ ਭੋਗ ਦੀ ਅਵਸਥਾ ਨੂੰ ਮਾਨਤਾ ਦਿੰਦਾ ਹੈ ਪਰ ਉਹ ਇਹ ਵੀ ਮੰਨਦਾ ਹੈ ਕਿ ਇਸ ਸਬੰਧੀ ਪ੍ਰਮਾਣਿਕ ਸਬੂਤਾਂ ਦੀ ਅਣਹੋਂਦ ਹੈ।

ਮਨੁੱਖੀ ਮਨ ਪ੍ਰਤੀ ਮਾਰਗਨ ਵਿਕਾਸਵਾਦੀ ਨਜ਼ਰੀਆ ਅਪਣਾਉਂਦਿਆਂ ਆਦਿਮ ਮਨ ਨੂੰ ਮਨੁੱਖੀ ਨਸਲ

ਦੇ ਬਚਪਨੇ ਦੀ ਅਵਸਥਾ ਨਾਲ ਜੋੜ ਕੇ ਦੇਖਦਾ ਹੈ। ਉਸ ਅਨੁਸਾਰ ਨਵੀਂਆਂ ਕਾਢਾਂ ਕਰਦਿਆਂ ਤੇ ਸਮਾਜਕ ਸੰਗਠਨ ਤੇ ਸੰਸਥਾਵਾਂ ਨੂੰ ਵਿਕਸਿਤ ਕਰਦਿਆਂ ਮਨੁੱਖੀ ਮਨ ਵਧਿਆ ਫੁੱਲਿਆ ਤੇ ਜਵਾਨ ਹੋਇਆ ਹੈ। ਇਸ ਤੋਂ ਉਲਟ ਕਲਾਡ ਲੈਵੀ ਸਤਰਾਸ ਸੰਰਚਨਾਵਾਦੀ ਨਜ਼ਰੀਆ ਅਪਣਾਉਂਦਿਆਂ ਆਦਿਮ ਮਨ ਤੇ ਆਧੁਨਿਕ ਮਨ ਨੂੰ ਇਕ ਸਮਾਨ ਸਮਰੱਥਾਵਾਂ ਦੇ ਧਾਰਨੀ ਦੱਸਦਾ ਹੈ। ਉਸ ਅਨੁਸਾਰ, 'ਆਦਿਮ ਮਨ ਅਤੇ ਆਧੁਨਿਕ ਮਨ ਦੀ ਸੰਰਚਨਾ ਅਤੇ ਯੋਗਤਾਵਾਂ ਇਕ ਸਮਾਨ ਹਨ। ਫ਼ਰਕ ਸਿਰਫ਼ ਉਹਨਾਂ ਭੂਗੋਲਿਕ ਹਾਲਤਾਂ ਦਾ ਹੈ ਜਿਹਨਾਂ ਉੱਤੇ ਮਨੁੱਖੀ ਮਨ ਨੂੰ ਲਾਗੂ ਕੀਤਾ ਜਾਂਦਾ ਹੈ।'[13] ਇਹ ਨੁਕਤਾ ਵੀ ਕਾਬਿਲੇ-ਗੌਰ ਹੈ ਕਿ ਮਾਰਗਨ ਜਦੋਂ ਸੁਚੇਤ ਪੱਧਰ ਉੱਤੇ ਆਦਿਮ ਲੋਕਾਂ ਦੇ ਕਾਮ ਸਬੰਧਾਂ ਬਾਰੇ ਚਰਚਾ ਕਰਦਾ ਹੈ ਤਾਂ ਉਹ ਇਨ੍ਹਾਂ ਨੂੰ ਅਨੈਤਿਕ ਨਹੀਂ ਮੰਨਦਾ। ਉਹ 'ਪੁਰਾਤਨ ਸਮਾਜ' ਕਿਤਾਬ ਵਿਚ ਇਕ-ਅੱਧ ਥਾਂ 'ਤੇ ਹੋਰ ਖੋਜੀਆਂ ਦੁਆਰਾ ਨੇੜਲੀ ਸਾਕਾਚਾਰੀ ਵਿਚ ਜਿਨਸੀ ਸਬੰਧਾਂ ਨੂੰ ਤ੍ਰਿਸਕਾਰ ਦੀ ਭਾਵਨਾ ਨਾਲ ਦੇਖਣ ਉੱਤੇ ਟਿੱਪਣੀ ਕਰਦਿਆਂ ਇਸ ਨੂੰ ਅਨੁਚਿਤ ਵੀ ਕਹਿੰਦਾ ਹੈ। ਪਰ ਮਾਰਗਨ ਦੀ ਕਿਤਾਬ ਦਾ ਪੰਜਾਬੀ ਅਨੁਵਾਦ ਪੜ੍ਹਦਿਆਂ ਕਈ ਥਾਵਾਂ 'ਤੇ ਵਰਤੀ ਸ਼ਬਦਾਵਲੀ ਇਹ ਸੰਕੇਤ ਦਿੰਦੀ ਹੈ ਕਿ ਉਹ ਖ਼ੁਦ ਸਗੋਤਰ ਸੰਭੋਗ ਜਾਂ ਬੇਰੋਕ ਕਾਮ ਸਬੰਧਾਂ ਨੂੰ ਇਖ਼ਲਾਕ ਦੀ ਨੀਵੀਂ ਅਵਸਥਾ ਨਾਲ ਜੋੜ ਕੇ ਦੇਖ ਰਿਹਾ ਹੈ। ਮਸਲਨ ਇਕ ਥਾਂ ਉਹ ਲਿਖਦਾ ਹੈ; 'ਜਿਉਂ ਜਿਉਂ ਤਰੱਕੀ ਕਰਦਾ ਮਨੁੱਖ ਇਖ਼ਲਾਕੀ ਤੌਰ 'ਤੇ ਉੱਪਰ ਉੱਠਦਾ ਗਿਆ, ਬੇਰੋਕ ਕਾਮ ਸਬੰਧ ਉਸੇ ਅਨੁਪਾਤ ਵਿਚ ਸੀਮਿਤ ਹੁੰਦੇ ਗਏ।'[14] ਮਾਰਗਨ ਵਰਗਾ ਵਿਕਾਸਵਾਦੀ ਚਿੰਤਕ ਜਦੋਂ 'ਮਨੁੱਖਤਾ ਦੇ ਬਚਪਨ ਤੋਂ ਜਵਾਨੀ' ਵਰਗੀ ਸ਼ਬਦਾਵਲੀ ਨਾਲ ਮਨੁੱਖੀ ਨਸਲ ਦੇ ਵਿਕਾਸ ਦਾ ਵਰਣਨ ਕਰਦਾ ਹੈ ਤਾਂ ਉਹ ਕਿਤੇ ਨਾ ਕਿਤੇ ਮਨੁੱਖਤਾ ਦੀ ਆਰੰਭਲੀ ਅਵਸਥਾ ਨੂੰ ਅੱਜ ਦੇ ਪ੍ਰਤਿਮਾਨਾਂ, ਖੋਜਾਂ ਦੀ ਐਨਕ ਵਿਚੋਂ ਦੇਖਦਾ ਪ੍ਰਤੀਤ ਹੁੰਦਾ ਹੈ। ਇਸੇ ਤਰ੍ਹਾਂ 'ਮਲੀਨੋਵਸਕੀ ਆਦਿਮ ਮਨ ਨੂੰ ਅਸ਼ਲੀਲ/ਘਟੀਆ ਤੇ ਲੈਵੀ ਬਰੂਹਲ ਇਸ ਨੂੰ ਭਾਵੁਕ/ਰਹੱਸਵਾਦੀ ਵਰਗੇ ਵਿਸ਼ੇਸ਼ਣਾਂ ਨਾਲ ਮੁਖ਼ਾਤਿਬ ਹੁੰਦੇ ਹਨ।'[15] 'ਲੈਵੀ ਬਰੂਹਲ ਆਦਿਮ ਸੋਚਣੀ ਨੂੰ ਅਤਾਰਕਿਕ/ਪੂਰਵ-ਤਾਰਕਿਕ ਤਕ ਕਹਿ ਦਿੰਦਾ ਹੈ।'[16] ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਮਾਰਗਨ ਆਦਿਮ ਅਵਸਥਾ ਦੀਆਂ ਕਾਮੁਕ ਮਾਨਤਾਵਾਂ ਨੂੰ ਅਚੇਤ ਹੀ ਨਕਾਰਾਤਮਕ ਰੂਪ ਵਿਚ ਲੈਂਦਾ ਹੈ। ਮਾਰਗਨ ਦੇ ਆਲੋਚਕਾਂ ਵਿਚੋਂ ਬੈਰਨਹਾਰਡ ਸਟੈਰਨ ਵੀ ਇਹ ਅਨੁਭਵ ਕਰਦਾ ਹੈ ਕਿ ਮਾਰਗਨ ਇਕ 'ਹੀਣ' ਕਬੀਲੇ ਨੂੰ ਦੇਖਦਿਆਂ ਇਕ ਈਸਾਈ ਗੋਰੇ ਬੰਦੇ ਦਾ ਦ੍ਰਿਸ਼ਟੀਕੋਣ ਨਹੀਂ ਛੱਡਦਾ। ਸਟੈਰਨ ਇਸੇ ਆਧਾਰ 'ਤੇ ਮਾਰਗਨ ਦੁਆਰਾ ਇਸ ਖੇਤਰ ਵਿਚ ਬਿਤਾਏ ਸਮੇਂ ਨੂੰ ਛੁਟਿਆਉਂਦਾ ਹੈ।

ਮਾਰਗਨ ਦਾ ਵਿਚਾਰ ਹੈ ਕਿ 'ਗਣ' ਆਦਿਮ ਲੋਕਾਂ ਵੱਲੋਂ ਸ਼ੁਰੂ ਕੀਤੀ ਗਈ ਇਕ 'ਸੁਧਾਰ ਲਹਿਰ' ਵਿਚੋਂ ਉੱਭਰੇ ਜੋ ਸਕੇ ਖ਼ੂਨ ਦੇ ਰਿਸ਼ਤਿਆਂ ਵਿਚ ਵਿਆਹ ਨੂੰ ਰੋਕਣ ਲਈ ਸ਼ੁਰੂ ਕੀਤੀ ਗਈ। 'ਉਸਦੇ ਇਸ ਵਿਚਾਰ ਦਾ ਸਮਰਥਨ ਲੌਰੀਮਰ ਫਿਸ਼ਨ, ਏ. ਡਬਲਿਊ ਹੌਵਿੱਟ, ਬਾਲਡਵਿਨ ਸਪੈਂਸਰ ਅਤੇ ਫਰੇਜ਼ਰ ਵੀ ਕਰਦੇ ਹਨ। ਪਰ ਮੈਕਲੈਨਨ ਤੇ ਲਿਊਬੌਕ ਇਸਦੀ ਆਲੋਚਨਾ ਕਰਦੇ ਹਨ।'[17] ਬੈਰਨਹਾਰਡ ਸਟੈਰਨ ਲਿਖਦਾ ਹੈ ਕਿ ਮਾਰਗਨ ਫਿਸ਼ਨ ਤੇ ਹੌਵਿੱਟ ਦੀ ਰਚਨਾ **Kamilaroi and Kurnai** ਦੀ ਭੂਮਿਕਾ ਵਿਚ ਸਪੱਸ਼ਟ ਕਰਦਾ ਹੈ ਕਿ '...ਇਹ ਮੰਨਣਯੋਗ ਨਹੀਂ ਹੈ ਕਿ ਆਦਿਮ ਲੋਕਾਂ ਨੇ ਇਹ ਸੁਧਾਰਕ ਲਹਿਰਾਂ ਸਖ਼ਤੀ ਨਾਲ ਸੁਚੇਤ ਰੂਪ ਵਿਚ ਵਿਉਂਤੀਆਂ ਹੋਣ।'[18] ਬੈਰਨਹਾਰਡ ਜੇ. ਸਟੈਰਨ ਆਪਣੀ ਕਿਤਾਬ **ਲੈਵਿਸ ਹੈਨਰੀ ਮਾਰਗਨ ਸੋਸ਼ਲ ਐਵੋਲਿਊਸ਼ਨਿਸਟ** (Lewis Henry Morgan Social Evolutionist) ਵਿਚ ਵੱਖੋ-ਵੱਖਰੇ ਚਿੰਤਕਾਂ ਦੇ ਵਿਚਾਰਾਂ ਦੇ ਹਵਾਲੇ ਨਾਲ ਮਾਰਗਨ ਦੇ ਗਣਾਂ ਦੀ ਉੱਤਪਤੀ ਸਬੰਧੀ ਵਿਚਾਰਾਂ ਉੱਤੇ ਸਵਾਲ ਉਠਾਉਂਦਾ ਹੈ। ਉਹ ਲਿਖਦਾ ਹੈ ਕਿ ਮਾਰਗਨ ਦਾ ਸਮੁੱਚਾ ਸਿਧਾਂਤ ਇਸ ਅਨੁਮਾਨ ਉੱਤੇ ਟਿਕਿਆ ਹੈ ਕਿ ਇਹ ਵਿਭਿੰਨ ਤਬਦੀਲੀਆਂ ਵਿਉਂਤਬੱਧ ਸੁਧਾਰ ਸਨ ਅਤੇ 'ਸਿਸਟਮ ਆਫ਼ ਕੌਨਸੈਂਗੁਇਨੀਟੀ' ਤੇ 'ਪੁਰਾਤਨ ਸਮਾਜ' ਕਿਤਾਬਾਂ ਇਸ ਵਿਸ਼ਵਾਸ ਨਾਲ ਹੀ ਭਰੀਆਂ ਹੋਈਆਂ ਹਨ। ਸਟੈਰਨ ਅਨੁਸਾਰ ਇਹ ਸਮਝਣਾ ਮੁਸ਼ਕਿਲ ਹੈ ਕਿ ਅਚੇਤ ਸੁਧਾਰਾਂ ਦਾ ਕੀ ਭਾਵ ਹੈ? 'ਸੁਧਾਰਕ ਲਹਿਰ' ਰਾਹੀਂ ਗਣਾਂ ਦੀ ਉੱਤਪਤੀ ਸਬੰਧੀ ਮਾਰਗਨ ਦੀ ਪਰਿਕਲਪਨਾ ਦੇ ਨਾ-ਤਸੱਲੀਬਖ਼ਸ਼ ਸਰੂਪ ਕਾਰਨ ਉਸਦੀ ਆਲੋਚਨਾ ਹੋਈ।

ਸਟੈਰਨ ਲਿਖਦਾ ਹੈ ਕਿ 'ਲਿਊਬੌਕ ਸੁਧਾਰ ਤੇ ਪਾਬੰਦੀਆਂ ਦੁਆਰਾ ਗਣਾਂ ਦੇ ਹੋਂਦ ਵਿਚ ਆਉਣ ਸਬੰਧੀ ਮਾਰਗਨ ਦੀ ਧਾਰਨਾ ਨੂੰ ਰੇਤ ਉੱਤੇ ਉੱਸਰੀ ਦੱਸਦਾ ਹੈ। ਉਸ ਅਨੁਸਾਰ ਮਾਰਗਨ ਜਿਹਨਾਂ ਰਸਮੀ ਤੇ ਵਿਆਪਕ ਸੰਸਥਾਵਾਂ ਉੱਤੇ ਆਪਣਾ ਸਿਧਾਂਤ ਉਸਾਰਦਾ ਹੈ ਉਹਨਾਂ ਬਾਰੇ ਕੋਈ ਸਬੂਤ ਨਹੀਂ ਮਿਲਦਾ। ਜੇ ਅਜਿਹੀਆਂ ਸੰਸਥਾਵਾਂ ਮੌਜੂਦ ਵੀ ਸਨ ਤਾਂ ਵੀ ਇਹ ਸਮਝਣਾ ਅਸੰਭਵ ਹੈ ਕਿ ਆਦਿਮ ਮਨੁੱਖ ਆਪਣੀਆਂ ਸੰਸਥਾਵਾਂ ਦੀਆਂ 'ਬੁਰਾਈਆਂ' ਨੂੰ ਕਿਵੇਂ ਸਮਝਦੇ ਸਨ।'[19] ਇਹ ਵੀ ਅਜੇ ਇਕ ਸਵਾਲ ਹੀ ਹੈ ਕਿ 'ਨੇੜਲੇ ਰਿਸ਼ਤਿਆਂ ਦੇ ਸਬੰਧਾਂ


ISSN : 2395-1273

ਵਿਚੋਂ ਹੋਇਆ ਪ੍ਰਜਨਣ' (inbreeding) ਕਿਸੇ ਨਸਲ ਲਈ ਜੀਵ ਵਿਗਿਆਨਕ ਤੌਰ 'ਤੇ ਖ਼ਤਰਨਾਕ ਹੈ ਜਾਂ ਨਹੀਂ। ਗਣਾਂ ਨੂੰ 'ਇਨਬਰੀਡਿੰਗ' ਨੂੰ ਰੋਕਣ ਦਾ ਸਾਧਨ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਨ੍ਹਾਂ ਦੇ ਬਣਨ ਤੋਂ ਬਾਅਦ ਵੀ ਭੈਣ-ਭਰਾਵਾਂ ਨੂੰ ਛੱਡ ਕੇ ਬਾਕੀ ਹੋਰ ਨੇੜਲੇ ਰਿਸ਼ਤਿਆਂ ਵਿਚ ਵਿਆਹ ਦੀ ਇਜ਼ਾਜਤ ਹੁੰਦੀ ਸੀ। ਹੋਰਾਸ਼ਿਓ ਹੇਲ (Horatio Hale) ਲਿਖਦਾ ਹੈ ਕਿ ਮਨੁੱਖ ਹਮੇਸ਼ਾ ਇਕ 'ਜੋੜੇ ਵਿਚ ਰਹਿਣ ਵਾਲਾ ਜਾਨਵਰ' (Pairing Animal) ਰਿਹਾ ਹੈ। ਇਹ ਨਹੀਂ ਮੰਨਿਆ ਜਾ ਸਕਦਾ ਕਿ ਉਸਨੇ ਆਪਣੀ ਸਮਾਜਕ ਜ਼ਿੰਦਗੀ ਖੁੱਲ੍ਹੇ ਜਿਨਸੀ ਸਬੰਧਾਂ ਤੋਂ ਸ਼ੁਰੂ ਕੀਤੀ ਹੋਵੇਗੀ। ਉਸਨੂੰ ਇਸ ਗੱਲ ਉੱਤੇ ਹੈਰਾਨੀ ਹੈ ਕਿ ਭਰਾਵਾਂ ਤੇ ਭੈਣਾਂ ਦਾ ਵਿਆਹ ਕਿਸੇ ਵੀ ਸਮੇਂ ਆਮ ਰਿਹਾ ਹੋਵੇਗਾ। ਉਸ ਅਨੁਸਾਰ ਇਹ ਮਨੁੱਖੀ ਸੁਭਾਅ ਦੇ ਦੂਜੇ ਅਜਿਹੇ ਨਿਯਮ ਜਾਂ ਸਿਧਾਂਤ ਦਾ ਹੀ ਖੰਡਨ ਕਰਦਾ ਹੈ ਜਿਹੜਾ ਨੇੜੇ ਰਹਿਣ ਵਾਲੇ ਵਿਰੋਧੀ ਲਿੰਗਾਂ ਦੇ ਵਿਅਕਤੀਆਂ ਵਿਚ ਕਾਮੁਕ ਇੱਛਾ ਦੇ ਵਿਕਾਸ ਨੂੰ ਬਹੁਤ ਵਿਰਲਾ ਤੇ ਅਸੰਭਵ ਬਣਾਉਂਦਾ ਹੈ। ਇਹ ਨਿਯਮ ਮਾਪਿਆਂ ਤੇ ਬੱਚਿਆਂ, ਭਰਾਵਾਂ ਤੇ ਭੈਣਾਂ ਨੂੰ ਹੀ ਨਹੀਂ ਬਲਕਿ ਇਕੱਠੇ ਰਹਿਣ ਵਾਲੇ ਇਕ ਦੂਜੇ ਨਾਲ ਅਸਬੰਧਿਤ ਵਿਅਕਤੀਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਹੇਲ ਨੇ ਇਸ ਨਿਯਮ ਦਾ ਅਸਰ ਹੇਠਲੀ ਅਵਸਥਾ ਵਾਲੇ ਜਾਨਵਰਾਂ ਵਿਚ ਵੀ ਦੇਖਿਆ ਹੈ। ਉਸਦਾ ਵਿਸ਼ਵਾਸ ਹੈ ਕਿ ਇਸੇ ਨਿਯਮ ਨੇ ਹੀ ਸਾਂਝੇ ਘਰਾਂ ਵਿਚ ਗੋਤ ਤੋਂ ਬਾਹਰ ਵਿਆਹ ਦੇ ਰਿਵਾਜ਼ ਨੂੰ ਪੈਦਾ ਕੀਤਾ। ਉਹ ਲਿਖਦਾ ਹੈ ਕਿ ਜਿਹੜੀ ਸਾਕਾਦਾਰੀ ਦੀ ਮਾਰਗਨ ਨੇ ਸੂਚੀ ਤਿਆਰ ਕੀਤੀ ਹੈ ਉਸ ਤੋਂ ਵੀ ਇਹ ਸਿੱਧ ਨਹੀਂ ਹੁੰਦਾ ਕਿ ਭਰਾ ਤੇ ਭੈਣ ਵਿਆਹੇ ਜਾਂਦੇ ਸਨ ਜਾਂ ਭਰਾਵਾਂ ਤੇ ਭੈਣਾਂ ਦੀਆਂ ਪਤਨੀਆਂ ਤੇ ਪਤੀ ਸਾਂਝੇ ਸਨ ਬਲਕਿ ਇਹ ਲੱਗਦਾ ਹੈ ਕਿ ਮੁੱਢਲੇ ਇਤਿਹਾਸ ਦੌਰਾਨ ਨੇੜੇ ਦੇ ਪਰਿਵਾਰਾਂ ਵਿਚ ਪਰਸਪਰ ਸਹਿਯੋਗ ਤੇ ਸੁਰੱਖਿਆ ਲਈ ਵੱਡੇ ਘਰਾਂ ਵਿਚ ਇਕੱਠੇ ਰਹਿਣ ਦਾ ਰਿਵਾਜ਼ ਸੀ। ਸਿਗਮੰਡ ਫਰਾਇਡ ਨੇ **'ਦ ਮਾਡਰਨ ਟਰੈਡੀਸ਼ਨ'** (The Modern Tradition) ਕਿਤਾਬ ਵਿਚ ਛਪੇ ਆਪਣੇ ਇਕ ਲੇਖ 'ਦ ਓਰਿਜ਼ਿਨ ਆਫ਼ ਕਲਚਰ' (The Origin of Culture) ਵਿਚ 'ਗਣ ਤੋਂ ਬਾਹਰ ਵਿਆਹ ਸਬੰਧੀ ਇਕ ਕਥਾ ਦਾ ਜ਼ਿਕਰ ਕਰਦਿਆਂ 'ਗੁਨਾਹ ਦੇ ਅਹਿਸਾਸ' ਵਿਚੋਂ ਇਸਦੀ ਉੱਤਪਤੀ ਮੰਨੀ ਹੈ।'[20] 'ਮੈਕਲੈਨਨ ਗੋਤਾਂਤਰ ਵਿਆਹ ਨੂੰ ਕੁੜੀਮਾਰ ਪ੍ਰਥਾ ਕਾਰਨ ਪੈਦਾ ਹੋਈ ਕੁੜੀਆਂ ਦੀ ਘਾਟ ਤੇ ਉਧਾਲੇ ਰਾਹੀਂ ਵਿਆਹ ਦਾ ਨਤੀਜਾ ਮੰਨਦਾ ਹੈ।'[21] ਇਸ ਤਰ੍ਹਾਂ ਗਣਾਂ ਦੀ ਉੱਤਪਤੀ ਸਬੰਧੀ ਵੱਖੋ-ਵੱਖਰੇ ਵਿਦਵਾਨ ਵਿਭਿੰਨ ਮੱਤ ਰੱਖਦੇ ਹਨ। ਲੋੜੀਂਦੀ ਸ੍ਰੋਤ ਸਮੱਗਰੀ ਤੇ ਤੱਥਾਂ ਦੀ ਅਣਹੋਂਦ ਵਿਚ ਇਨ੍ਹਾਂ ਵਿਚੋਂ ਕਿਸੇ ਅਨੁਮਾਨ ਦੀ ਵਧੇਰੇ ਜਾਇਜ਼ਤਾ ਸਬੰਧੀ ਰਾਏ ਦੇਣੀ ਮੁਸ਼ਕਿਲ ਹੈ।

ਬੈਰਨਹਾਰਡ ਸਟੈਰਨ ਅਨੁਸਾਰ ਗਣਾਂ ਦੀ ਸਰਬ-ਵਿਆਪਕਤਾ, ਪਿਤਰੀ ਗਣਾਂ ਦੇ ਮੁਕਾਬਲੇ ਮਾਤਰੀ ਗਣ ਜਾਂ ਕਬੀਲਿਆਂ ਦੀ ਪਹਿਲ ਅਤੇ ਸਾਕਾਦਾਰੀ ਪਦਾਂ ਦੇ ਅਰਥਾਂ ਸਬੰਧੀ ਮਾਰਗਨ ਦੀਆਂ ਧਾਰਨਾਵਾਂ ਵਾਦ-ਵਿਵਾਦ ਦਾ ਵਿਸ਼ਾ ਰਹੀਆਂ ਹਨ। ਮਾਰਗਨ ਦਾ ਵਿਸ਼ਵਾਸ ਸੀ ਕਿ ਮੂਲ ਅਮਰੀਕਾ ਵਿਚ ਗਣ ਸਰਬਵਿਆਪਕ ਸਨ ਪਰ ਅੱਜ ਇਹ ਗੱਲ ਸਾਬਿਤ ਹੋ ਚੁੱਕੀ ਹੈ ਕਿ ਅਮਰੀਕਾ ਵਿਚ ਵੀ ਗਣ ਸਰਬਵਿਆਪਕ ਨਹੀਂ ਸਨ। ਸਟੈਰਨ ਲਿਖਦਾ ਹੈ ਕਿ ਮਾਰਗਨ ਇਰੋਕੀਆਂ ਵਿਚ ਔਰਤ ਦੇ ਰੁਤਬੇ ਦੀ ਬਾਖ਼ੋਫੇਨ ਵੱਲੋਂ ਕੀਤੀ ਵਿਆਖਿਆ ਤੋਂ ਪ੍ਰਭਾਵਿਤ ਹੋ ਕੇ ਮੈਕਲੈਨਨ ਵਾਂਗ ਹੀ ਇਹ ਵਿਚਾਰ ਰੱਖਦਾ ਹੈ ਕਿ ਮਾਤਰੀ ਵੰਸ਼ ਹਰ ਥਾਂ ਪਿੱਤਰੀ ਵੰਸ਼ ਤੋਂ ਪਹਿਲਾਂ ਆਇਆ। ਇਸ ਵਿਚਾਰ ਦਾ ਸਮਰਥਨ ਟਾਈਲਰ, ਕਰੋਬਰ ਤੇ ਹਾਰਟਲੈਂਡ ਨੇ ਵੀ ਕੀਤਾ ਪਰ ਸਵਾਨਟਨ (Swanton), ਲੂਈ (Lowie), ਕਰੋਏਬਰ (Kroeber) ਅਤੇ ਗੋਲਡਨ ਵਾਈਜ਼ਰ (Golden Weiser) ਨੇ ਇਸ ਵਿਚਾਰ ਦਾ ਖੰਡਨ ਕੀਤਾ। ਸਨਾਤਨੀ ਵਿਕਾਸਵਾਦੀ ਪ੍ਰਾਚੀਨ ਆਸਟਰੇਲੀਆ ਵਿਚੋਂ ਪ੍ਰਾਪਤ ਸਮੱਗਰੀ ਦੇ ਆਧਾਰ 'ਤੇ ਮਾਤਰੀ ਸੰਗਠਨਾਂ ਦੀ ਪਿੱਤਰੀ ਸੰਗਠਨਾਂ ਦੇ ਮੁਕਾਬਲੇ ਪ੍ਰਾਚੀਨਤਾ ਨੂੰ ਸਾਬਿਤ ਕਰਦੇ ਹਨ ਪਰ ਅਮਰੀਕਨ ਨਸਲ ਵਿਗਿਆਨੀ ਇਹ ਕਹਿ ਕੇ ਇਸ ਧਾਰਨਾ ਦਾ ਖੰਡਨ ਕਰਦੇ ਹਨ ਕਿ ਇਹ ਆਸਟਰੇਲੀਆ ਦੇ ਸੰਦਰਭ ਵਿਚ ਸੱਚ ਹੋ ਸਕਦਾ ਹੈ ਪਰ ਇਹ ਸਰਬ-ਵਿਆਪਕ ਸੱਚ ਨਹੀਂ ਹੈ। ਅਮਰੀਕਾ ਵਿਚ ਸਥਿਤੀ ਇਸ ਤੋਂ ਉਲਟ ਹੈ, ਇੱਥੇ ਇਕੋ ਸਮੇਂ ਮਾਤਰੀ ਤੇ ਪਿੱਤਰੀ ਦੋਵੇਂ ਸਮੂਹ ਮਿਲਦੇ ਹਨ।

ਜਾਇਦਾਦ ਦੇ ਵਿਕਾਸਵਾਦੀ ਪੱਖ ਉੱਤੇ ਜ਼ੋਰ ਦਿੰਦਿਆਂ ਲੈਵਿਸ ਹੈਨਰੀ ਮਾਰਗਨ ਇਹ ਦਰਸਾਉਂਦਾ ਹੈ ਕਿ ਵੱਖੋ-ਵੱਖਰੇ ਨਸਲੀ ਦੌਰਾਂ ਵਿਚ ਜਾਇਦਾਦ ਦੀ ਮਾਤਰਾ ਤੇ ਮਨੁੱਖ ਦਾ ਇਸ ਨਾਲ ਰਿਸ਼ਤਾ ਕਿਸ ਤਰ੍ਹਾਂ ਬਦਲਦਾ ਹੈ। ਮਾਰਗਨ ਦੇ ਜਾਇਦਾਦ ਨਾਲ ਸਬੰਧਿਤ ਵਿਚਾਰਾਂ ਨੂੰ ਜੇਕਰ ਦੇਖੀਏ ਤਾਂ 'ਇਸ ਦੇ ਚਾਰ ਮੁੱਖ ਪੱਖ ਹਨ; ਸੰਪੱਤੀ ਸਬੰਧ ਨਿਰਧਾਰਿਤ ਕਰਨ ਚ ਤਕਨੀਕ ਦਾ ਮਹੱਤਵ, ਆਦਿਮ ਸਾਮਵਾਦ ਤੋਂ ਸਭਿਅਤਾ ਤਕ ਜਾਇਦਾਦ ਦੀ ਮਾਲਕੀ ਦਾ ਵਿਕਾਸ, ਬਰਬਰ ਦੌਰ ਦੀ ਉੱਪਰਲੀ ਅਵਸਥਾ ਤੋਂ ਪਹਿਲਾਂ ਮਿਲਦੇ ਆਦਿਮ ਸਮੂਹਾਂ ਦਾ ਲੋਕਤੰਤਰੀ ਸਰੂਪ ਤੇ ਗੁਲਾਮੀ ਦੀ ਗੈਰ ਹਾਜ਼ਰੀ ਅਤੇ ਸਮਾਜਕ ਸੰਗਠਨ ਵਿਚ ਬਦਲਾਅ ਲਈ ਆਰੰਭਲੀ ਭੂਮਿਕਾ

ਨਿਭਾਉਣ ਵਾਲੀ ਜਾਇਦਾਦ ਦਾ ਪ੍ਰਮੁੱਖ ਪ੍ਰਭਾਵ।'[22] ਆਲੋਚਕਾਂ ਅਨੁਸਾਰ ਜਾਇਦਾਦ ਦੀ ਵਿਵਸਥਾ ਵਰਗੇ ਗੁੰਝਲਦਾਰ ਮੁੱਦੇ ਸਬੰਧੀ ਨਿੱਗਰ ਮੁਲਾਂਕਣ ਲਈ ਮਾਰਗਨ ਕੋਲ ਵਿਸ਼ਵਾਸਯੋਗ ਨਸਲ-ਵਿਗਿਆਨਕ ਸਮੱਗਰੀ ਦੀ ਘਾਟ ਸੀ। ਇਸ ਗੱਲ ਨੂੰ ਮਾਰਗਨ ਖ਼ੁਦ ਵੀ ਕਬੂਲ ਕਰਦਾ ਹੈ। ਮਾਰਗਨ ਦੇ ਆਲੋਚਕ ਉਸਦੀ ਇਸ ਧਾਰਨਾ ਨੂੰ ਗ਼ਲਤ ਦੱਸਦੇ ਹਨ ਕਿ ਮਿੱਟੀ ਦੇ ਬਰਤਨ ਬਣਾਉਣ ਦੀ ਕਾਢ ਤੋਂ ਪਹਿਲਾਂ ਆਦਿਮ ਲੋਕਾਂ ਵਿਚ ਜ਼ਮੀਨ ਦੀ ਮਾਲਕੀ ਹਮੇਸ਼ਾ ਕਬੀਲੇ ਦੀ ਹੁੰਦੀ ਸੀ। 'ਸਪੈਕ (Speck) ਨੇ ਨਿਊ ਇੰਗਲੈਂਡ ਤੇ ਪੂਰਬੀ ਕਨੇਡਾ ਦੇ ਉਤਰ-ਪੂਰਬੀ ਐਲਗੋਨਕੀਅਨਸ (Algonkians) ਵਿਚ ਸਾਫ਼ ਤੌਰ 'ਤੇ ਪਰਿਭਾਸ਼ਿਤ ਨਿੱਜੀ ਸ਼ਿਕਾਰ ਮੌਕਿਆਂ ਦਾ ਜ਼ਿਕਰ ਕੀਤਾ ਹੈ। ਡੇਵਿਡਸਨ ਨੇ ਆਸਟਰੇਲੀਆ ਵਿਚ ਪਰਿਵਾਰ ਦੀਆਂ ਨਿੱਜੀ ਸ਼ਿਕਾਰਗਾਹਾਂ ਦਾ ਖ਼ਾਕਾ ਪੇਸ਼ ਕੀਤਾ ਹੈ ਤੇ ਇਸੇ ਤਰ੍ਹਾਂ ਸੈਲਿਗਮਨ (Seligmann) ਨੇ ਸੇਅਲੋਨ (Ceylon) ਦੇ 'ਵੈਂਦਾਸ' (Veddas) ਵਿਚ ਇਹ ਪ੍ਰਚਲਣ ਦਿਖਾਇਆ ਹੈ।'[23] ਮਾਰਗਨ ਦੀ ਇਹ ਮਾਨਤਾ ਹੈ ਕਿ ਆਦਿਮ ਜੀਵਨ ਵਿਚ ਜਾਇਦਾਦ ਦੀ ਹੋਂਦ ਦਾ ਨਿਗੂਣਾ ਰੋਲ ਸੀ ਤੇ ਆਦਿਮ ਲੋਕਾਂ ਦੀ ਜੀਵਨ-ਜਾਂਚ ਲਾਜ਼ਮੀ ਰੂਪ ਵਿਚ ਲੋਕਤੰਤਰੀ ਸੀ। ਪਰ ਬੈਰਨਹਾਰਡ ਸਟੈਰਨ ਅਨੁਸਾਰ ਮਾਰਗਨ ਦੁਆਰਾ ਇਰੋਕੀਆਂ ਨਾਲ ਸੰਪਰਕ ਵਿਚੋਂ ਕੀਤਾ ਇਹ ਸਾਧਾਰਨੀਕਰਨ ਆਦਿਵਾਸੀ ਅਮਰੀਕਾ ਉੱਤੇ ਲਾਗੂ ਨਹੀਂ ਕੀਤਾ ਜਾ ਸਕਦਾ। ਸਟੈਰਨ ਏ. ਐਲ. ਕਰੋਬਰ ਦੇ ਹਵਾਲੇ ਨਾਲ ਲਿਖਦਾ ਹੈ ਕਿ 'ਮਾਰਗਨ ਨੇ ਉਤਰ-ਪੱਛਮ ਦੇ ਇੰਡੀਅਨਸ ਵਿਚ ਆਪਣਾ ਖੇਤਰੀ ਕਾਰਜ ਨਹੀਂ ਕੀਤਾ ਜਿੱਥੇ ਸਾਹਸ ਜਾਂ ਯੁੱਧ ਵਿਚ ਵਧੀਆ ਪ੍ਰਦਰਸ਼ਨ ਦੀ ਥਾਂ ਜਾਇਦਾਦ ਕਿਸੇ ਵਿਅਕਤੀ ਦੇ ਪ੍ਰਭਾਵ ਤੇ ਸਥਿਤੀ ਵਿਚ ਵਾਧਾ ਕਰਦੀ ਹੈ ਤੇ ਨਾਲ ਹੀ ਜੇ ਉਹ ਉਤਰ ਪੱਛਮੀ ਕੈਲੀਫੋਰਨੀਆਂ ਦੇ 'ਅਸਭਿਆ ਕਬੀਲਿਆਂ' ਵਿਚ ਵਿਚਰਦਾ ਜਿੱਥੇ ਦੌਲਤ ਦੀ ਹਿਰਸ ਮਿਲਦੀ ਹੈ ਤਾਂ ਉਹ ਆਪਣੇ ਸਿਧਾਂਤ ਵਿਚ ਸੋਧ ਕਰ ਲੈਂਦਾ।'[24] ਇਸੇ ਤਰ੍ਹਾਂ 'ਨਾਚੇਜ਼' (Natchez) ਵਿਚ 'ਕਾਸਟ' ਦੇ ਹੋਣ ਬਾਰੇ ਤੇ ਉਤਰ ਪੱਛਮੀ ਤੱਟ ਉੱਤੇ ਜਮਾਤੀ ਵਖਰੇਵੇਂ ਤੇ ਗੁਲਾਮਾਂ ਦੇ ਹੋਣ ਸਬੰਧੀ ਨਸਲ ਵਿਗਿਆਨਕ ਖੋਜਾਂ ਤੋਂ ਪ੍ਰਮਾਣ ਮਿਲਦੇ ਹਨ। ਸਮਾਜਕ ਸੰਗਠਨ ਦੇ ਦੂਜੇ ਪੱਖਾਂ ਵਿਚ ਤਬਦੀਲੀ ਦੇ ਕਾਰਕ ਵਜੋਂ ਜਾਇਦਾਦ ਦੀ ਭੂਮਿਕਾ ਉੱਤੇ ਮਾਰਗਨ ਵੱਲੋਂ ਦਿੱਤੇ ਜ਼ੋਰ ਨੇ ਇਕ ਵਿਚਾਰ ਚਰਚਾ ਨੂੰ ਜਨਮ ਦਿੱਤਾ। ਉਸਦੀ ਇਹ ਧਾਰਨਾ ਹੈ ਕਿ ਮਨੁੱਖੀ ਨਸਲ ਦੇ ਆਰੰਭਲੇ ਦੌਰਾਂ ਵਿਚ ਪਿੱਤਰਤਵ ਦੀ ਵਿਵਸਥਾ ਸ਼ੱਕ ਦੇ ਘੇਰੇ ਵਿਚ ਹੈ, ਪਹਿਲਾਂ ਵੰਸ਼ ਮਾਂ ਵੱਲੋਂ ਚੱਲਦਾ ਸੀ ਪਰ ਜਾਇਦਾਦ ਦੇ ਵਾਧੇ ਤੇ ਪਿਓ ਦੀ ਵੱਧਦੀ ਨਿਸ਼ਚਿਤ ਪਹਿਚਾਣ ਨਾਲ ਵਿਰੋਧ ਪੈਦਾ ਹੋਇਆ ਅਤੇ ਇਸ ਨਾਲ ਹੋਈ ਤਬਦੀਲੀ ਦੇ ਫਲਸਰੂਪ ਵੰਸ਼ ਪਿਓ ਤੋਂ ਚੱਲਣ ਲੱਗਿਆ। ਪਰ 'ਵਿਨੈਬੈਗੋਸ' (Winnebagoes) ਅਤੇ ਉਸ ਨਾਲ ਸਬੰਧਿਤ ਸਮੂਹਾਂ ਦੇ ਸੰਦਰਭ ਵਿਚ ਮਾਰਗਨ ਦੀ ਇਸ ਧਾਰਨਾ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਮਾਰਗਨ ਦੇ ਆਲੋਚਕਾਂ ਦਾ ਮੰਨਣਾ ਹੈ ਕਿ ਇਹ ਧਾਰਨਾ ਅਢੁਕਵੀਂ ਸਾਬਤ ਹੋ ਚੁੱਕੀ ਹੈ। ਇਸਦੇ ਇਲਾਵਾ "ਉਤਰਾਧਿਕਾਰ (inheritance) ਦੇ ਨਿਯਮ ਅਤੇ ਵੰਸ਼ (descent) ਦੇ ਨਿਯਮ ਹਮੇਸ਼ਾ ਸਮਾਨ ਨਹੀਂ ਹੁੰਦੇ ਅਤੇ ਜਾਇਦਾਦ ਦੇ ਸੰਚਾਰ ਵਿਚ ਤਬਦੀਲੀ ਦੀ ਆਗਿਆ ਦੇਣ ਲਈ ਵੰਸ਼ ਵਿਚ ਤਬਦੀਲੀ ਦੀ ਲੋੜ ਨਹੀਂ ਹੁੰਦੀ। 'ਵਾਰਾਮੁੰਗਾ' ਵਰਗਾ ਕਬੀਲਾ ਪਿੱਤਰੀ ਹੈ, ਫਿਰ ਵੀ ਜਾਇਦਾਦ ਮਰਦ ਦੇ ਸਬੰਧੀਆਂ ਨੂੰ ਨਹੀਂ ਜਾਂਦੀ, ਇਸੇ ਤਰ੍ਹਾਂ 'ਕਾਂ' ਅਤੇ 'ਹਿਦਤਸਾ' (Hidatsa) ਵਰਗੇ ਮਾਤਰੀ ਕਬੀਲਿਆਂ ਵਿਚ ਕੁੱਝ ਜਾਇਦਾਦ ਮਾਂ ਦੁਆਰਾ ਦਿੱਤੀ ਜਾਂਦੀ ਹੈ ਤੇ ਕੁੱਝ ਪਿਓ ਦੁਆਰਾ।"[25] 'ਪੁਰਾਤਨ ਸਮਾਜ' ਕਿਤਾਬ ਉੱਤੇ 'ਅਮਰੀਕਨ ਸੋਸ਼ਿਅਲਿਸਟ' ਵਿਚ ਛਪਿਆ ਰਿਵਿਊ ਸਮਾਜ ਵਿਚ ਤਬਦੀਲੀ ਸਬੰਧੀ ਮਾਰਗਨ ਦੇ ਵਿਚਾਰਾਂ ਉੱਤੇ ਜ਼ੋਰ ਦੇਣ ਦੇ ਨਾਲ-ਨਾਲ 'ਸੰਯੁਕਤ ਪਰਿਵਾਰ' (comibned faimly) ਦੇ ਵਿਕਾਸ ਲਈ ਵਕਾਲਤ ਕਰਦਾ ਹੈ। ਇਸ ਰਿਵਿਊ ਵਿਚ ਪੇਸ਼ ਵਿਚਾਰ ਅਨੁਸਾਰ, 'ਜੇ ਅਸੀਂ ਜਾਇਦਾਦ ਦੀ ਵਰਤਮਾਨ ਅਵਸਥਾ ਵਿਚ ਬਦਲਾਅ ਚਾਹੁੰਦੇ ਹਾਂ ਤਾਂ ਸਾਨੂੰ ਇਸ ਦੇ ਨਾਲ ਹੀ ਪਰਿਵਾਰਕ ਪ੍ਰਬੰਧ ਵਿਚ ਵੀ ਇਕ ਅਨੁਰੂਪੀ ਬਦਲਾਅ ਬਾਰੇ ਸੋਚਣਾ ਚਾਹੀਦਾ ਹੈ ਕਿਉਂਕਿ ਮਾਰਗਨ ਦੇ ਅਨੁਸਾਰ ਪਰਿਵਾਰ ਦਾ ਵਰਤਮਾਨ ਸਰੂਪ ਜਾਇਦਾਦੀ ਵਿਵਸਥਾ ਦੀ ਹੀ ਸਿਰਜਣਾ ਅਤੇ ਨਤੀਜਾ ਹੈ। ਦੋਹਾਂ ਨੂੰ ਇਕੱਠਿਆਂ ਬਦਲਣਾ ਚਾਹੀਦਾ ਹੈ;... ਸਭਿਅਤਾ ਦੇ ਦੌਰ ਵਿਚ ਸਮਾਜ ਦੀਆਂ ਗਤੀਵਿਧੀਆਂ ਦੇ ਸੁਚੱਜੇ ਮੁਲਾਂਕਣ ਨਾਲ ਉਸ ਰੌਂ/ਵਹਿਣ ਦਾ ਪਤਾ ਲਗਾਇਆ ਜਾ ਸਕਦਾ ਹੈ ਜਿਸ ਤਹਿਤ ਵਿਕਾਸਵਾਦੀ ਤਾਕਤ ਕਾਰਜਸ਼ੀਲ ਹੈ। ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ ਕਿ ਸਭਿਅਕ ਏਜੰਸੀ ਦਾ ਰੁਝਾਨ ਨਿਰੰਤਰ ਤੌਰ 'ਤੇ ਸੁਮੇਲ/ਸੰਗਠਨ (combination) ਦੀ ਦਿਸ਼ਾ ਵੱਲ ਵਧ ਰਿਹਾ ਹੈ- ਹਰ ਕਿਸਮ ਦੇ ਹਿੱਤਾਂ ਦੇ ਸਮੁੱਚ ਤੇ ਸੰਗਠਨ ਵੱਲ। ਜੇ ਜਾਇਦਾਦ ਦੀ ਗਤੀਵਿਧੀ ਸਮਾਜ ਦੀ ਗਤੀਵਿਧੀ ਦੀ ਸੂਚਕ ਹੈ ਤਾਂ ਜਾਇਦਾਦ ਦੇ ਹਜ਼ਾਰਾਂ ਮਿਸ਼ਰਣ ਜੋ ਸਭਿਅਤਾ ਦੀ ਪ੍ਰਗਤੀ ਨਾਲ ਹੋਂਦ ਵਿਚ ਆਏ ਹਨ, ਭਵਿੱਖ ਦੀ ਸਮਾਜਕ ਅਵਸਥਾ ਵੱਲ ਅਚੁੱਕ ਸੰਕੇਤ ਕਰਦੇ ਹਨ। ਜੇਕਰ ਵਿਤਰੇਕ/ਅੱਡਰਾ ਪਰਿਵਾਰ ਜਾਇਦਾਦ ਦੇ ਵਿਚਾਰ ਦੇ ਵਿਗਸਣ ਤੇ ਪਕੇਰੇ ਹੋਣ ਦਾ ਸਾਧਨ ਬਣਿਆ ਤਾਂ ਜੜੁੱਤ/ਸੰਗਠਿਤ ਪਰਿਵਾਰ ਇਸ ਨੂੰ


**www.sanvad.org**
ISSN : 2395-1273

ਇਕੱਠਾ ਕਰਨ ਤੇ ਵੰਡਣ ਦਾ ਸਾਧਨ ਬਣੇਗਾ...।'[26] ਇਸ ਤਰ੍ਹਾਂ ਇਸ ਰਿਵਿਊ ਵਿਚ ਮਾਰਗਨ ਦੇ ਵਿਚਾਰਾਂ ਤੋਂ ਸੇਧ ਲੈਂਦਿਆਂ ਭਵਿੱਖ ਵਿਚਲੇ ਸਾਂਝੀ ਜਾਇਦਾਦ ਤੇ ਬਰਾਬਰੀ ਆਧਾਰਿਤ ਸਮਾਜਕ ਸੰਗਠਨ ਦਾ ਤਸੱਵਰ ਸਿਰਜਿਆ ਗਿਆ ਹੈ। ਮਾਰਗਨ ਦੇ ਚਿੰਤਨ ਦੀਆਂ ਸੀਮਾਵਾਂ ਦੇ ਬਾਵਜੂਦ ਪੂਰਵ ਇਤਿਹਾਸਕ ਦੌਰ ਵਿਚਲੇ ਸਮਾਜਕ ਵਿਕਾਸ ਸਬੰਧੀ ਚਰਚਾ ਛੇੜਨਾ ਉਸ ਦੀ ਪ੍ਰਾਪਤੀ ਹੈ। ਉਹ ਆਪਣੇ ਦੌਰ ਵਿਚ ਪ੍ਰਚਲਿਤ ਵਿਕਾਸਵਾਦੀ ਵਿਧੀ ਨੂੰ ਮਨੁੱਖੀ ਮਨ, ਮਨੁੱਖੀ ਨਸਲ ਤੇ ਮਨੁੱਖੀ ਸਮਾਜ ਦੇ ਅਧਿਐਨ ਲਈ ਵਰਤਦਾ ਹੈ। ਮਾਨਵ ਵਿਗਿਆਨ ਦੇ ਖੇਤਰ ਵਿਚ ਮਾਰਗਨ ਦੁਆਰਾ ਕੀਤਾ ਸਮੱਗਰੀ ਦਾ ਸੰਕਲਨ ਤੇ ਪੇਸ਼ ਕੀਤੀਆਂ ਧਾਰਨਾਵਾਂ ਬਾਅਦ ਦੇ ਮਾਨਵ ਵਿਗਿਆਨੀਆਂ ਲਈ ਮਦਦਗਾਰ ਸਾਬਤ ਹੋਈਆਂ।

**ਹਵਾਲੇ**


1. Bernhard J. Stern, **Lewis Henry Morgan Social Evolutionist, Russell & Russell,** New York, 1931, p-135.
2. **Ibid**, p-135.
3. **Ibid**, p-136.
4. Ibid, p-136.
5. Bernhard J. Stern, **ibid**, p-137.
6. **Ibid**, p-137.
7. **Ibid**, p-140.
8. **Ibid**, p-141.
9. ਫ਼ਰੈਡਰਿਕ ਏਂਗਲਜ਼, **'ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ**, ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ, ਅਪ੍ਰੈਲ 2010, ਪੰਨਾ- 9-12.
10. Charles Darwin, **Descent of Man, chap. Xx**, as quoted by Bernhard J. Stern, Lewis Henry Morgan Social Evolutionist, p- 158, 159.
11. **Ibid**, p-159.
12. ਫ਼ਰੈਡਰਿਕ ਏਂਗਲਜ਼, **ਓਹੀ**, ਪੰਨਾ 35-36.
13. Claude Levi Strauss, **Structural Anthropology** , vol. 1 trans. by Claire Jacobson and Brooke Grundfest Schoepf, Penguin Books, London, 1972, p-230 & Claude Levi Strauss, Myth and Meaning, Foreword by Wendy Doniger, Schocken Books, New York, 1979, P-19.
14. ਲੈਵਿਸ ਹੈਨਰੀ ਮਾਰਗਨ, **ਪੁਰਾਤਨ ਸਮਾਜ**, ਅਨੁ. ਹਰਜੀਤ ਸਿੰਘ ਮਾਂਗਟ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ, 2003, ਪੰਨਾ-140.
15. Claude Levi Strauss, **Myth and Meaning**, Foreword by Wendy Doniger, Schocken Books, New York, 1979, P-15, 16.
16. Robert A. Segal, **Myth A Very Short Introduction**, Oxford University Press, Second Edition, 2015, P-22.
17. Bernhard J. Stern, **Ibid**, p-164.
18. **Ibid**, p-164.
19. **Ibid**, p-164, 165.
20. Sigmund Freud, **'The Origins of Culture'**, The Modern Tradition, Editor Richard Ellmann and Charles Feidelson, Jr., Oxford University Press, New York, 1965, p-582-584.
21. ਫ਼ਰੈਡਰਿਕ ਏਂਗਲਜ਼, **ਓਹੀ**, ਪੰਨਾ- 13.
22. Bernhard J. Stern, **Ibid**, p-176, 177.
23. **Ibid**, p- 179-180.
24. **Ibid**, p-180.
25. **Ibid**, p-182
26. **Ibid**, p- 186, 187.
27. **http://www.jstor.org/**